# Visit of External Affairs Minister to Russia (July 7-9, 2021)

July 06, 2021

……………………………………………………………………………………………

## ਵਿਦੇਸ਼ ਮੰਤਰੀ ਦਾ ਰੂਸ ਦਾ ਦੌਰਾ (7-9 ਜੁਲਾਈ, 2021)

ਜੁਲਾਈ 6, 2021

1. ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 7-9 ਜੁਲਾਈ, 2021 ਤੱਕ ਰੂਸੀ ਸੰਘ ਦਾ ਅਧਿਕਾਰਤ ਦੌਰਾ ਕਰਨਗੇ।

2. ਦੌਰੇ ਦੌਰਾਨ ਵਿਦੇਸ਼ ਮੰਤਰੀ ਆਪਣੇ ਹਮਰੁਤਬਾ ਰੂਸੀ ਸੰਘ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਸਰਗੇਈ ਲਾਵਰੋਵ ਨਾਲ ਮੁਲਾਕਾਤ ਕਰਨਗੇ। COVID-19 ਮਹਾਂਮਾਰੀ ਵਿਰੁੱਧ ਲੜਾਈ ਵਿੱਚ ਸਹਿਯੋਗ ਦੇ ਨਾਲ ਵੱਖ-ਵੱਖ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ-ਵਟਾਂਦਰੇ ਸਮੇਤ ਸਮੁੱਚੇ ਦੁਵੱਲੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਹੋਣ ਦੀ ਉਮੀਦ ਹੈ।

3. ਵਿਦੇਸ਼ ਮੰਤਰੀ ਰੂਸੀ ਸੰਘ ਦੇ ਉਪ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਯੂਰੀ ਬੋਰਿਸੋਵ, ਜੋ ਵਪਾਰ, ਆਰਥਿਕ, ਵਿਗਿਆਨਕ, ਤਕਨੀਕੀ ਅਤੇ ਸਭਿਆਚਾਰਕ ਸਹਿਕਾਰਤਾ (IRIGC - TEC ) ਬਾਰੇ ਭਾਰਤ-ਰੂਸ ਅੰਤਰ-ਸਰਕਾਰੀ ਕਮੀਸ਼ਨ ਅੰਦਰ ਉਨ੍ਹਾਂ ਦੇ ਹਮਰੁਤਬਾ ਹਨ, ਨਾਲ ਵੀ ਮੁਲਾਕਾਤ ਕਰਨਗੇ। ਉਹ ਸਟੇਟ ਡੂਮਾ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਕਮੇਟੀ ਦੇ ਪ੍ਰਧਾਨ ਮਹਾਮਹਿਮ ਸ਼੍ਰੀ ਲਿਓਨੀਡ ਸਲਟਸਕੀ ਨਾਲ ਵੀ ਮੁਲਾਕਾਤ ਕਰਨਗੇ।

4. ਡਾ. ਐਸ. ਜੈਸ਼ੰਕਰ ਮਾਸਕੋ ਦੇ ਵੱਕਾਰੀ ਪ੍ਰਿਯਮਕੋਵ ਕੌਮਾਂਤਰੀ ਅਰਥਚਾਰੇ ਅਤੇ ਅੰਤਰਾਸ਼ਟਰੀ ਸਬੰਧ ਸੰਸਥਾਂ ਵਿਖੇ "ਬਦਲਦੇ ਵਿਸ਼ਵ ਵਿੱਚ ਭਾਰਤ-ਰੂਸ ਸਬੰਧ" ਵਿਸ਼ੇ 'ਤੇ ਭਾਸ਼ਣ ਦੇਣਗੇ।

5. ਇਹ ਮੁਲਾਕਾਤ ਦੋਵਾਂ ਪੱਖਾਂ ਦਰਮਿਆਨ ਅਕਸਰ ਹੋਣ ਵਾਲੀਆਂ ਉੱਚ ਪੱਧਰੀ ਮੁਲਾਕਾਤਾਂ ਦੀ ਹੀ ਲਗਾਤਾਰਤਾ ਵਿੱਚ ਹੋਵੇਗੀ. ਰੂਸ ਦੇ ਵਿਦੇਸ਼ ਮੰਤਰੀ ਨੇ ਅਪ੍ਰੈਲ, 2021 ਵਿੱਚ ਨਵੀਂ ਦਿੱਲੀ ਦਾ ਦੌਰਾ ਕੀਤਾ ਸੀ। ਇਸ ਦੌਰੇ ਨਾਲ ਦੋਵਾਂ ਦੇਸ਼ਾਂ ਦਰਮਿਆਨ 'ਵਿਸ਼ੇਸ਼ ਅਤੇ ਅਧਿਕਾਰਤ ਰਣਨੀਤਕ ਭਾਈਵਾਲੀ' ਨੂੰ ਹੋਰ ਮਜ਼ਬੂਤੀ ਮਿਲੇਗੀ।

ਨਵੀਂ ਦਿੱਲੀ
ਜੁਲਾਈ 6, 2021

DISCLAIMER: This is an approximate translation. The original is available in English on MEA's website and may be referred to as the official press release.